# ਪੜਨਾਂਵ

ਅਭਿਆਸ

ਪ੍ਰਸ਼ਨ 1 ਪੜਨਾਂਵ ਕਿਸ ਨੂੰ ਆਖਦੇ ਹਨ?

ਉੱਤਰ ਜਿਹੜਾ ਸ਼ਬਦ ਨਾਂਵ ਦੀ ਥਾਂ ਵਰਤਿਆ ਜਾਵੇ, ਉਸ ਨੂੰ **ਪੜਨਾਂਵ** ਕਿਹਾ ਜਾਂਦਾ ਹੈ, ਜਿਵੇਂ:- ਮੈਂ, ਅਸੀਂ, ਤੁਸੀਂ, ਉਹ।

ਪ੍ਰਸ਼ਨ ੨ ਪੜਨਾਂਵ ਦੀਆਂ ਕਿਸਮਾਂ ਕਿਹੜੀਆਂ-ਕਿਹੜੀਆਂ ਹਨ?

ਉੱਤਰ ਪੜਨਾਂਵ **੬** ਪ੍ਰਕਾਰ ਦੇ ਹਨ:-

1. ਪੁਰਖ-ਵਾਚਕ ਪੜਨਾਂਵ
੨. ਨਿੱਜ-ਵਾਚਕ ਪੜਨਾਂਵ
3. ਨਿਸ਼ਚੇਵਾਚਕ ਪੜਨਾਂਵ
4. ਅਨਿਸ਼ਚੇਵਾਚਕ ਪੜਨਾਂਵ
5. ਸੰਬੰਧ-ਵਾਚਕ ਪੜਨਾਂਵ
6. ਪ੍ਰਸ਼ਨ-ਵਾਚਕ ਪੜਨਾਂਵ

ਪ੍ਰਸ਼ਨ ੩ ਪੁਰਖ-ਵਾਚਕ ਪੜਨਾਂਵ ਕਿੰਨੇ ਪ੍ਰਕਾਰ ਦਾ ਹੁੰਦਾ ਹੈ?

ਉੱਤਰ ਪੁਰਖ-ਵਾਚਕ ਪੜਨਾਂਵ

ਪੁਰਖ-ਵਾਚਕ ਪੜਨਾਂਵ **ਤਿੰਨ** ਪ੍ਰਕਾਰ ਦੇ ਹੁੰਦੇ ਹਨ:-

1. ਉੱਤਮ ਪੁਰਖ ਜਾਂ ਪਹਿਲਾ ਪੁਰਖ
੨. ਮੱਧਮ ਪੁਰਖ ਜਾਂ ਦੂਜਾ ਪੁਰਖ
3. ਅਨਯ ਪੁਰਖ ਜਾਂ ਤੀਜਾ ਪੁਰਖ

ਪ੍ਰਸ਼ਨ ੫ ਨਿੱਜ-ਵਾਚਕ ਪੜਨਾਂਵ ਕਿਸ ਨੂੰ ਆਖਦੇ ਹਨ?

ਉੱਤਰ ਜਿਹੜਾ ਸ਼ਬਦ ਕਰਤਾ ਦੇ ਨਾਲ਼ ਆ ਕੇ ਉਸ ਵਾਕ ਦੇ ਕਰਤਾ ਦੀ ਥਾਂ ਵਰਤਿਆ ਜਾਵੇ, ਉਸ ਨੂੰ ਨਿੱਜ-ਵਾਚਕ ਪੜਨਾਂਵ ਕਿਹਾ ਜਾਂਦਾ ਹੈ, ਜਿਵੇਂ:-

ਮੈਂ ਆਪ ਉਸ ਨੂੰ ਸਮਝਾਇਆ।

ਮੁੰਡੇ ਆਪਸ ਵਿੱਚ ਲੜਦੇ ਹਨ।

ਅਸੀਂ ਆਪ ਆਪਣੇ ਹੱਥੀਂ ਕੰਮ ਕੀਤਾ।

ਇਹਨਾਂ ਵਾਕਾਂ ਵਿੱਚ 'ਮੈਂ', 'ਆਪਸ', 'ਆਪ' ਨਿੱਜ-ਵਾਚਕ ਪੜਨਾਂਵ ਹਨ।

ਪ੍ਰਸ਼ਨ ੬ ਸੰਬੰਧ-ਵਾਚਕ ਪੜਨਾਂਵ ਦੀਆਂ ਕੋਈ ਦੋ ਉਦਾਹਰਨਾਂ ਦਿਓ?

ਉੱਤਰ (ੳ) ਉਹ ਲੋਕ ਜੋ ਆਪਸ ਵਿੱਚ ਪਿਆਰ ਕਰਦੇ ਹਨ, ਸੁਖੀ ਵੱਸਦੇ ਹਨ।

(ਅ) ਸ਼ਰਾਬੀ ਜਿਸ ਨੇ ਗੋਲ਼ੀਆਂ ਚਲਾਈਆਂ ਸਨ, ਫੜਿਆ ਗਿਆ।

'ਜੋ' ਅਤੇ 'ਜਿਸ ਨੇ' ਸੰਬੰਧ-ਵਾਚਕ ਪੜਨਾਂਵ ਹਨ।

ਪ੍ਰਸ਼ਨ ੭ ਹੇਠ ਲਿਖੇ ਪੜਨਾਂਵਾਂ ਦੇ ਸਾਹਮਣੇ ਉਹਨਾਂ ਦੀ ਕਿਸਮ ਲਿਖੋ:-

(ੳ) ਮੈਂ, ਅਸੀਂ = ਪਹਿਲਾ ਪੁਰਖ
(ਅ) ਕਿਸ ਨੇ, ਕਿਹੜਾ = ਪ੍ਰਸ਼ਨ ਵਾਚਕ ਪੜਨਾਂਵ
(ੲ) ਉਹ, ਇਹ = ਨਿਸ਼ਚੇਵਾਚਕ ਪੜਨਾਂਵ
(ਸ) ਤੁਹਾਡਾ, ਤੁਹਾਨੂੰ = ਦੂਜਾ ਪੁਰਖ
(ਹ) ਕੌਣ, ਕਿਹੜਾ = ਪ੍ਰਸ਼ਨ ਵਾਚਕ ਪੜਨਾਂਵ
(ਕ) ਆਪ, ਆਪਸ = ਨਿੱਜ ਵਾਚਕ ਪੜਨਾਂਵ
(ਖ) ਜੋ, ਸੋ = ਸੰਬੰਧ ਵਾਚਕ ਪੜਨਾਂਵ
(ਗ) ਜਿਹੜੇ = ਸੰਬੰਧਵਾਚਕ ਪੜਨਾਂਵ
(ਘ) ਕਈ, ਬਹੁਤ ਸਾਰੇ = ਅਨਿਸ਼ਚੇ ਵਾਚਕ ਪੜਨਾਂਵ
(ਙ) ਅਹੁ, ਔਹ = ਨਿਸ਼ਚੇਵਾਚਕ ਪੜਨਾਂਵ

ਪ੍ਰਸ਼ਨ 7 ਹੇਠ ਲਿਖਿਆਂ ਵਿੱਚੋਂ ਪੜਨਾਂਵ ਚੁਣੋ ਤੇ ਸਾਹਮਣੇ ਲਿਖੋ :-

(ੳ) ਮਿਹਨਤ, ਫੁੱਲ, ਦਿੱਲੀ, ਆਪ = ਆਪ

(ਅ) ਕੋਈ, ਕੁੜਤੀ, ਕੱਪੜਾ, ਮਾੜੇ = ਕੋਈ

(ੲ) ਸਰਪੰਚ, ਜਿਹੜਾ, ਮੈਂ, ਅਸੀਂ = ਜਿਹੜਾ, ਮੈਂ, ਅਸੀਂ

(ਸ) ਕਿਸਨੇ, ਗੀਤ, ਇਮਾਨ, ਹੈ = ਕਿਸਨੇ

(ਹ) ਘਰ, ਮੇਰਾ, ਉਹ, ਗਿਆ = ਮੇਰਾ, ਉਹ

ਪ੍ਰਸ਼ਨ 8 ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਚੁਣੋ ਅਤੇ ਸਾਹਮਣੇ ਲਿਖੋ :-

(ੳ) ਉਸ ਦਾ ਭਰਾ ਬੜਾ ਬੇਈਮਾਨ ਹੈ। ਉਸ

(ਅ) ਤੁਹਾਨੂੰ ਆਪ ਇਹ ਕੰਮ ਕਰਨਾ ਚਾਹੀਦਾ ਸੀ। ਤੁਹਾਨੂੰ

(ੲ) ਕੋਈ-ਕੋਈ ਸਮਾਜ ਵਿੱਚ ਜਾਗਰ ਰਹੀਂ ਸਕ? ਕੋਈ - ਕੋਈ

(ਸ) ਕਈ ਲੋਕ ਘਰ ਨੂੰ ਜਾ ਰਹੇ ਸਨ। ਕਈ

(ਹ) ਜੋ ਕਰੇਗਾ ਸੋ ਭਰੇਗਾ। ਜੋ, ਸੋ

(ਕ) ਤੁਹਾਡੇ ਪਿਤਾ ਜੀ ਕੀ ਕਰਦੇ ਸਨ? ਤੁਹਾਡੇ

(ਖ) ਅਹਿ ਕਿਸ ਦਾ ਪੈਨ ਹੈ? ਅਹਿ, ਕਿਸ, ਦਾ

(ਗ) ਗ਼ਰੀਬ ਨਾਲ਼ ਕੋਈ-ਕੋਈ ਹਮਦਰਦੀ ਕਰਦਾ ਹੈ। ਕੋਈ - ਕੋਈ

ਪ੍ਰਸ਼ਨ 9 ਖਾਲੀ ਥਾਂਵਾਂ ਭਰੋ :-

1. ਜਿਹੜੇ ਪੁਰਖ ਨਾਲ ਗੱਲ ਕੀਤੀ ਜਾਂਦੀ ਹੈ ਦੂਜਾ ਪੁਰਖ-ਹੁੰਦਾ ਹੈ।
2. ਜਿਹੜੇ ਪੁਰਖ ਬਾਰੇ ਗੱਲ ਕੀਤੀ ਜਾਂਦੀ ਤੀਜਾ ਪੁਰਖ ਹੁੰਦਾ ਹੈ।
3. ਨਾਂਵ ਦੀ ਥਾਂ ਵਰਤੇ ਜਾਣ ਵਾਲੇ ਸ਼ਬਦ ਪੜਨਾਂਵ ਅਖਵਾਉਂਦੇ ਹਨ।
4. ਜਿਹੜੇ ਸ਼ਬਦ ਜੋੜਕਾਂ ਵਾਂਗ ਦੋ ਵਾਕਾਂ ਨੂੰ ਜੋੜਨ ਸੰਬੰਧਵਾਚਕ ਪੜਨਾਂਵ ਹੁੰਦੇ ਹਨ।

ਪ੍ਰਸ਼ਨ ੫ ਹੇਠ ਲਿਖੇ ਵਾਕਾਂ ਵਿੱਚੋਂ ਠੀਕ ਵਾਕਾਂ ਦੇ ਸਾਹਮਣੇ (✓) ਤੇ ਗਲਤ ਵਾਕਾਂ ਦੇ ਸਾਹਮਣੇ (✗) ਦਾ ਨਿਸ਼ਾਨ ਲਾਓ :-

(ੳ) ਗੱਲ ਕਰਨ ਵਾਲਾ ਪੁਰਖ, ਉੱਤਮ ਪੁਰਖ ਹੁੰਦਾ ਹੈ। [✓]

(ਅ) ਜੋ ਸ਼ਬਦ ਕਿਸੇ ਵਿਅਕਤੀ, ਵਸਤੂ, ਸਥਾਨ ਦਾ ਨਾਂ ਦੱਸਣ, ਪੜਨਾਂਵ ਕਹਾਉਂਦੇ ਹਨ। [✗]

(ੲ) ਜਿਹੜੇ ਸ਼ਬਦ ਨਾਂਵ ਦੀ ਥਾਂ ਆ ਕੇ ਕੋਈ ਪ੍ਰਸ਼ਨ ਪੁੱਛਣ, ਉਹਨਾਂ ਨੂੰ ਪ੍ਰਸ਼ਨ-ਵਾਚਕ ਪੜਨਾਂਵ ਕਹਿੰਦੇ ਹਨ। [✓]

(ਸ) ਪੜਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ। [✗]

(ਹ) ਜਿਹੜੇ ਸ਼ਬਦ ਜੋੜਕ ਵਾਂਗ ਵਾਕਾਂ ਨੂੰ ਜੋੜਨ, ਉਹਨਾਂ ਨੂੰ ਪ੍ਰਸ਼ਨ-ਵਾਚਕ ਪੜਨਾਂਵ ਕਹਿੰਦੇ ਹਨ। [✗]